# ਇੰਡੀਆ ਫਾਉਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)
# ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ
# ਪ੍ਰੋਡਕਸ਼ਨਜ
# ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

## ਅਰਜ਼ੀਆਂ ਦੀ ਆਖਰੀ ਤਰੀਕ: **5 ਜੁਲਾਈ 2024 (July 05, 2024)**

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੋਜੈਕਟਸ ਅਮਲ ਵਿਚ ਲਿਆਉਣਾ ਚਾਹੁੰਦਾ ਹੈ ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾ-ਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫੌਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

ਪ੍ਰੋਡਕਸ਼ਨਜ:

ਕਲਾਕਾਰ ਆਪਣੇ ਕਲਾ ਦੇ ਸਫਰ ਵਿਚ ਅਜਿਹੇ ਮੁਕਾਮ ਤੇ ਆ ਸਕਦੇ ਹਨ ਜਿਸ ਵਿਚ ਉਹ ਬਣੇ ਬਣਾਏ ਤੌਰ ਤਰੀਕਿਆਂ ਨੂੰ ਚੁਣੌਤੀ ਦਿੰਦਿਆਂ ਅਤੇ/ਜਾਂ ਕਲਾ ਕਿਰਤ ਬਨਾਉਣ ਅਤੇ ਪੇਸ਼ ਕਰਨ ਦੇ ਨਵੇਂ ਤਰੀਕਿਆਂ ਨੂੰ ਫਰੋਲਦਿਆਂ ਆਪਣੀ ਪ੍ਰੈਕਟਿਸ ਨੂੰ ਮੁੜਵਿਚਾਰਨ/ਮੁੜਉਸਾਰਨ ਦੇ ਅਮਲ ਵਿਚ ਪੈਣਾ ਚਾਹੁਣ। ਅਜਿਹਾ ਹੰਭਲਾ ਜੋ ਖੋਜ ਅਤੇ ਤਜ਼ਰਬੇਕਾਰੀ ਭਰਪੂਰ ਹੋਵੇ, ਕਿਸੇ ਪ੍ਰੋਡਕਸ਼ਨ ਦੀ ਸ਼ਕਲ ਲੈ ਸਕਦਾ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ, ਅਸੀਂ ਅਜਿਹੇ ਹੰਭਲਿਆਂ ਵਿਚੋਂ ਉਪਜਣ ਵਾਲੇ ਪ੍ਰੋਡਕਸ਼ਨਜ ਦੇ ਪ੍ਰਸਤਾਵ ਮੰਗਦੇ ਹਾਂ। ਇਹ ਪ੍ਰੋਜੈਕਟ ਪ੍ਰਫੌਰਮੈਟਿਵ, ਔਰਲ(ਸੁਣਨ ਵਾਲੇ), ਵਿਜ਼ੂਅਲ(ਦਿਸਣ ਵਾਲੇ), ਡਿਜੀਟਲ, ਸਾਹਿਤਿਕ ਜਾਂ ਵੱਖ-ਵੱਖ ਵਿਧਾਵਾਂ ਵਾਲੇ ਕੰਮ ਹੋ ਸਕਦੇ। ਰੰਗ-ਮੰਚ, ਨਾਚ, ਗੀਤ ਸੰਗੀਤ, ਇੰਸਟਾਲੇਸ਼ਨ, ਨੁਮਾਇਸ਼, ਕਿਤਾਬਾਂ, ਰਸਾਲੇ ਜਾਂ ਹੋਰ ਪ੍ਰਕਾਸ਼ਨਾਵਾਂ, ਫ਼ਿਲਮ ਅਤੇ ਚਲਦੀਆਂ ਤਸਵੀਰਾਂ ਦੀ ਪਰਦਾਪੇਸ਼ੀ, ਗੇਮਜ(ਖੇਡਾਂ), ਇੰਟਰਫੇਸ ਅਤੇ ਹੋਰ ਡਿਜੀਟਲ ਕੰਮ, ਅਤੇ ਹੋਰ ਕਿਸੇ ਵੀ ਅਣਕਿਆਸੀ ਸ਼ਕਲ ਦੀ ਬਣਤਰ ਵਾਲੇ ਕੰਮਾਂ ਦੇ ਪ੍ਰਸਤਾਵਾਂ ਦਾ ਵੀ ਸਵਾਗਤ ਹੈ।

ਪ੍ਰੋਜੈਕਟ ਦੀ ਮਿਆਦ: 18 ਮਹੀਨੇ ਤੱਕ

ਬਜਟ: ਵੱਧ ਤੋਂ ਵੱਧ **5, 00, 000** ਰੁਪਏ (ਤੁਸੀਂ ਭੱਤੇ ਦੀ ਮੰਗ ਕਰ ਸਕਦੇ ਹੋ, ਜੋ ਕੇ ਪ੍ਰਸਤਾਵਿਤ ਬਜਟ ਦੇ 30% ਤੋਂ ਵੱਧ ਨਹੀਂ ਹੋਣਾ ਚਾਹੀਦਾ)

ਆਖਰੀ ਤਰੀਕ: 5 ਜੁਲਾਈ 2024

ਪ੍ਰਸਤਾਵ ਕੌਣ ਭੇਜ ਸਕਦੇ ਹਨ?

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧੁਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿੱਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ 'ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

ਯੋਗਤਾ

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

ਪ੍ਰਸਤਾਵ ਦਰਜ ਕਰਾਉਣ ਦੇ ਨਿਯਮ:

ਆਪਣਾ ਸੀਵੀ(ਪਤਾ, ਫੋਨ ਨੰਬਰ ਅਤੇ ਈਮੇਲ ਆਈਡੀ ਸਮੇਤ) ਅਤੇ ਪ੍ਰਸਤਾਵ ਇਸ ਜਾਣਕਾਰੀ ਸਮੇਤ ਭੇਜੇ ਜਾਣ:

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੀ ਦਿਲਚਸਪੀ ਅਤੇ ਵਿਸ਼ੇ
- ਜੋ ਪ੍ਰੋਡਕਸ਼ਨ (ਕਲਾਕਿਰਤ) ਤੁਸੀਂ ਬਨਾਉਣਾ ਚਾਹੁੰਦੇ ਹੋ ਉਹ ਕਿਉਂ ਅਤੇ ਕਿਵੇਂ ਬਨਾਉਣਾ ਚਾਹੁੰਦੇ ਹੋ ਦਾ ਵੇਰਵਾ
- ਟਾਈਮਲਾਈਨ ਅਤੇ ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਨਾਂ

ਪ੍ਰਸਤਾਵ ਭੇਜਣ ਦਾ ਤਰੀਕਾ?

- ਪ੍ਰਸਤਾਵ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ।
- ਤੁਸੀਂ ਆਈ.ਐਫ਼.ਏ. ਸਟਾਫ਼ ਤੋਂ ਜਵਾਬ ਵਾਸਤੇ ਆਪਣੇ ਸਵਾਲ ਜਾਂ ਮੁੱਢਲੇ ਵਿਚਾਰ 21 ਜੂਨ 2024 ਤੋਂ ਪਹਿਲਾਂ mridupankhi@indiaifa.org ਨੂੰ ਲਿਖ ਸਕਦੇ ਹੋ।
- ਮੁਕੰਮਲ ਪ੍ਰਸਤਾਵ, ਸਾਰੇ ਸਹਾਇਕ ਮਟੀਰੀਅਲ ਸਮੇਤ, ਔਨਲਾਈਨ ਇੱਕ ਈਮੇਲ ਰਾਹੀਂ, ਈਮੇਲ 25 MB ਤੋਂ ਵੱਧ ਨਾ ਹੋਵੇ, mridupankhi@indiaifa.org ਨੂੰ **5 ਜੁਲਾਈ 2024** ਤੱਕ ਪਹੁੰਚ ਜਾਣੇ ਚਾਹੀਦੇ ਹਨ।

ਖਿਆਲ ਰਹੇ ਕੇ ਅਧੂਰੇ ਪ੍ਰਸਤਾਵ ਅਤੇ ਜਿਹਨਾਂ ਵਿਚ ਬਿਨੈਕਾਰਾਂ ਦੀ ਯੋਗਤਾ ਨਿਯਮਾਂ ਤੋਂ ਬਾਹਰ ਹੈ, ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਚੋਣ ਦਾ ਤਰੀਕਾ:

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਬਿਨੈਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪਵੇਗੀ। ਅਮਲ ਵਿਚ ਲਿਆਂਦੇ ਜਾਣ ਲਈ ਚੁਣੇ ਗਏ ਪ੍ਰਜੈਕਟਾਂ ਦਾ ਐਲਾਨ ਸਤੰਬਰ 2024 ਵਿਚ ਕੀਤਾ ਜਾਵੇਗਾ।

ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।

ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।